215

# ਸ਼ੀਰਾਜ਼ਾ

ਜੇ. ਐਂਡ ਕੇ. ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ

**Sheeraza** R.N. No. 28873/76
(Punjabi)

July-August, 2019

ਸਾਲ : 50 ਅੰਕ : 5 ਕੁਲ ਅੰਕ : 215

*Editor-in-chief*
**Munir-ul-Islam**
*(KAS)*

*Editor*
**Popinder Singh Paras**

ਸੰਪਾਦਕ ਜਾਂ ਪ੍ਰਕਾਸ਼ਕ ਦਾ ਰਚਨਾਵਾਂ ਵਿੱਚ ਵਿਅਕਤ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
ਮੋਬਾਇਲ : 9906977731

ਪ੍ਰਕਾਸ਼ਕ : ਸੈਕਰੇਟਰੀ, ਜੰਮੂ-ਕਸ਼ਮੀਰ ਅਕੈਡਮੀ ਆਫ਼ ਆਰਟ, ਕਲਚਰ ਐਂਡ ਲੈਂਗਵੇਜਿਜ਼, ਜੰਮੂ– 180 001

*Publisher* : **Secretary, J&K Academy of Art, Culture and Languages JAMMU- 180 001**

ਛਾਪਕ : ਕਲਾਸਿਕ ਪ੍ਰਿੰਟਰਜ਼, ਨੈਸ਼ਨਲ ਹਾਈਵੇ, ਬੜੀ ਬ੍ਰਾਹਮਣਾ, ਜੰਮੂ
ਦੂਰਭਾਸ਼ – (01923)-220243, 94191-49293

ਮੁੱਲ : ਦਸ ਰੁਪਏ

ਵਾਰਸ਼ਕ : 50 ਰੁਪਏ

# ਤਤਕਰਾ

## ❑ ਆਲੇਖ


* ਸ਼ੈਲੀ-ਵਿਗਿਆਨ ਪ੍ਰਣਾਲੀ/*ਜੋਗਿੰਦਰ ਸਿੰਘ ਪਾਂਧੀ*/1
* ਕੰਵਲ ਕਸ਼ਮੀਰੀ ਦੇ ਔਰਤ ਪਾਤਰ (ਕਹਾਣੀ ਸੰਗ੍ਰਹਿ 'ਕੌਂਪਲਾਂ ਤੋਂ ਕੂੰਜਾਂ ਤੱਕ' ਦੇ ਆਧਾਰ 'ਤੇ)/*ਡਾ. ਦਰਿਆ*/7
* ਗੁਰਭਜਨ ਗਿੱਲ : ਗ਼ਜ਼ਲ ਦੇ ਸੰਦਰਭ/*ਡਾ. ਨਰੇਸ਼ ਕੁਮਾਰ*/12
* 'ਪੰਜਾਬੀ ਭਾਸ਼ਾ ਦਾ ਜੰਮੂ-ਕਸ਼ਮੀਰ ਵਿਚ ਸਫ਼ਰ'/*ਦੇਵਿੰਦਰ ਸਿੰਘ ਵਿਸ਼ਵਨਾਗਰਿਕ*/18
* ਜੰਮੂ-ਕਸ਼ਮੀਰ ਦੀ ਪਹਿਲੀ ਸਮਕਾਲੀ ਮੂਰਤੀਕਾਰ : ਸ਼੍ਰੀਮਤੀ ਗੋਬਿੰਦ ਕੌਰ/*ਜੰਗ ਐਸ. ਵਰਮਨ*/22
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀਰੂਪ ਚਉਪਦੇ ਦੀ ਬਣਤਰ/*ਡਾ. ਸਰਵਜੀਤ ਕੌਰ*/25
* ਗੁਰੂ ਨਾਨਕ ਪਹਿਲੇ ਵਾਰਕਾਰ ਦੇ ਰੂਪ ਵਿਚ/*ਡਾ. ਗੁਰਮੋਹਿੰਦਰ ਸਿੰਘ*/30


## ❑ ਕਹਾਣੀਆਂ


* ਖੁਜਲੀ/*ਬਲਜੀਤ ਸਿੰਘ ਰੈਨਾ*/36
* ਥੈਂਕ-ਯੂ/*ਬਲਬੀਰ ਪਰਵਾਨਾ*/57
* ਨਦੀ ਜੋ ਰੇਤ ਹੋ ਗਈ/*ਸੁਰਿੰਦਰ ਨੀਰ*/64
* ਪਿੱਛਾ/*ਅਮਰਜੀਤ ਕੌਰ*/74


## ❑ ਕਾਵਿ ਰੂਪ


* ਮੇਰੇ ਸੁਪਨੇ ਦਾ ਆਕਾਰ/*ਸ਼ਾਨ ਕਸ਼ਮੀਰੀ*/80
* ਅਹਿਆਸ, ਆਪਣੇ ਅੰਦਰ, ਕਲਪਨਾ ਤੋਂ ਬਾਹਰ/*ਇੱਛੁਪਾਲ ਸਿੰਘ*/82
* ਮੁੜ ਮੁਲਾਕਾਤ/*ਬਚਨ ਭਾਰਤੀ*/85
* ਕੁਦਰਤ, ਪਿੱਛੇ ਵੱਲ ਦੌੜਦੇ ਜੋ/*ਡਾ. ਮਮਤਾ*/92
* ਸਾਵਣ ਰੁਤ/*ਸੂਰਜ ਸਿੰਘ 'ਸੂਰਜ'*/95
* ਗ਼ਜ਼ਲ/*ਜਸਵਿੰਦਰ ਫਗਵਾੜਾ*/97
* ਨਸੀਹਤ/*ਪ੍ਰੋ. ਈਸ਼ਵਰ ਸਿੰਘ*/98
* ਗ਼ਜ਼ਲ/ਪਿਆਸਾ ਅੰਜ਼ੁਮ /99
* ਅਲਫ਼ ਤਕ/*ਜਗਦੀਪ ਕੌਰ ਨੂਰਾਨੀ*/100
* ਚਿੜੀਆਂ ਦਾ ਮਰਨ/*ਰਾਜਿੰਦਰ ਕੌਰ*/101
* ਗ਼ਜ਼ਲ/*ਗੁਰਪ੍ਰੀਤ ਕੌਰ ਧਾਲੀਵਾਲ*/102
* ਗ਼ਜ਼ਲ/*ਕਸ਼ਮਾ ਦੇਵੀ ਸ਼ਰਮਾ*/103


## ❑ ਅਨੁਵਾਦ


* ਤੁਸੀਂ ਕਦੇ ਬਦਲ ਨਹੀਂ ਸਕਦੇ/*ਮੂਲ : ਡਾ. ਆਦਰਸ਼ ਪ੍ਰਕਾਸ਼*/*ਅਨੁਵਾਦ : ਡਾ. ਮੋਨੋਜੀਤ*/104


## ❑ ਨਵੀਆਂ ਕਲਮਾਂ


* ਬਲਜੀਤ ਸਿੰਘ ਰੈਨਾ ਦੀ ਸਿਰਜਣਾਤਮਕ ਦ੍ਰਿਸ਼ਟੀ (ਮੇਰੇ ਇਹ ਸ਼ਬਦ ਸ਼ਕਤੀ ਨੇ ਗ਼ਜ਼ਲ-ਸੰਗ੍ਰਹਿ ਦੇ ਵਿਸ਼ੇਸ਼ ਸੰਦਰਭ ਵਿਚ)/*ਗੁਰਪ੍ਰੀਤ ਕੌਰ*/109
* ਗੁਰਦਾਸ ਆਲਮ ਦੀ ਕਵਿਤਾ ਦਾ ਵਿਚਾਰਧਾਰਾਈ ਅਧਿਐਨ/*ਪਵਨ ਕੁਮਾਰ*/119
* ਕਵਿਤਾ/*ਸੁਖਵਿੰਦਰ ਸਿੰਘ*/124

Regd. No. 28873/76
ISSN 2319-5053
UGC No. 41927

July - August 2019



Published by the Secretary on behalf of
**J&K Academy of Art, Culture and Languages, Jammu**
and Printed at Classic Printers, Bari Brahamana, Jammu

# ਗੁਰਭਜਨ ਗਿੱਲ : ਗ਼ਜ਼ਲ ਦੇ ਸੰਦਰਭ

❑ ਡਾ. ਨਰੇਸ਼ ਕੁਮਾਰ

ਗੁਰਭਜਨ ਗਿੱਲ ਪਿੱਛਲੇ ਚਾਰ ਦਹਾਕਿਆਂ ਤੋਂ ਪੰਜਾਬੀ ਸ਼ਾਇਰੀ ਦੇ ਖੇਤਰ ਵਿੱਚ ਕਾਰਜਸ਼ੀਲ ਹੈ। ਉਸ ਦੇ ਹੁਣ ਤਕ ਛੇ ਗ਼ਜ਼ਲ ਸੰਗ੍ਰਹਿ ਹਰ ਧੁਖਦਾ ਪਿੰਡ ਮੇਰਾ ਹੈ (1985), ਮੋਰ ਪੰਖ (2010), ਅਤੇ ਗੁਲਨਾਰ (2015) ਅਤੇ ਅੱਠ ਕਾਵਿ ਸੰਗ੍ਰਹਿ- ਸ਼ੀਸ਼ਾ ਝੂਠ ਬੋਲਦਾ ਹੈ (1978), ਬੋਲ ਮਿੱਟੀ ਦਿਆ ਬਾਵਿਆ(1992), ਬੋਲ ਧਰਤੀਏ ਬੋਲ (200), ਅਗਨ ਕਥਾ (2000), ਖ਼ੈਰ ਪੰਜਾਂ ਪਾਣੀਆਂ ਦੀ (2005), ਧਰਤੀ ਨਾਦ (2006), ਪਾਰਦਰਸ਼ੀ (2008) ਅਤੇ ਮਨ ਤੰਦੂਰ (2013) ਅਤੇ ਇਕ ਗੀਤ ਸੰਗ੍ਰਹਿ ਫੁੱਲਾਂ ਦੀ ਝਾਂਜਰ (2012) ਪ੍ਰਕਾਸ਼ਿਤ ਹੋ ਚੁੱਕੇ ਹਨ। ਗੁਰਭਜਨ ਗਿੱਲ ਦੀ ਸਿਰਜਨਾ ਦਾ ਕਾਲ ਅਤੇ ਆਕਾਰ ਵੱਡਾ ਹੈ ਅਤੇ ਗੁਣਨਾਤਮਕਤਾ, ਗੰਭੀਰਤਾ ਤੇ ਗਹਿਰਾਈ ਵੀ ਆਕਾਰ ਦੇ ਹਾਣ ਦੀ ਹੈ। ਪੰਜਾਬੀ ਸਾਹਿਤ ਵਿੱਚ ਉਸ ਦਾ ਬਿੰਬ ਗ਼ਜ਼ਲਗੋ ਅਤੇ ਕਵੀ ਵੱਜੋਂ ਸਥਾਪਿਤ ਹੋ ਚੁੱਕਾ ਹੈ। ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿੱਚ ਪ੍ਰਗੀਤਕ ਤੱਤ ਭਰਵੇਂ ਰੂਪ ਵਿੱਚ ਪੇਸ਼ ਹੁੰਦੇ ਹਨ। ਨਿੱਜ, ਲੈਅ, ਸੰਗੀਤਕਤਾ ਅਤੇ ਸਰੋਦੀ ਅੰਸ਼ ਚਾਰੇ ਤੱਤ ਮਿਲ ਸਮਾਜਿਕ ਮਸਲਿਆਂ ਨੂੰ ਰੂਪਿਤ ਕਰਦੇ ਹਨ। ਇਹਨਾਂ ਨੁਕਤਿਆਂ ਦੇ ਆਧਾਰ ਉਪੱਰ ਹੀ ਉਸ ਨੂੰ ਸ਼ਾਇਰ ਦਾ ਰੁਤਬਾ ਹਾਸਿਲ ਹੈ। ਉਸ ਦੀ ਸ਼ਾਇਰੀ ਪਾਪੂਲਰ ਸ਼ਾਇਰੀ ਹੈ ਜਾਂ ਸਟੇਜੀ ਰੰਗ ਦੀ ਵੀ ਕਹੀ ਜਾ ਸਕਦੀ ਹੈ। ਇਨ੍ਹਾਂ ਪ੍ਰਵਿਰਤੀਆਂ ਦੀ ਧਾਰਨੀ ਹੋਣ ਕਾਰਨ ਗੁਰਭਜਨ ਗਿੱਲ ਦੀਆਂ ਗਜ਼ਲਾਂ ਵਿਧੇਰੇ ਗੀਤਾਂ ਦੇ ਨੇੜੇ ਚਲੀਆਂ ਜਾਂਦੀਆਂ ਹਨ ਉਸ ਦੀਆਂ ਗ਼ਜ਼ਲਾਂ ਨੂੰ ਗੀਤ ਨੁਮਾਂ ਗ਼ਜ਼ਲਾਂ ਵੀ ਕਿਹਾ ਜਾ ਸਕਦਾ ਹੈ। ਇਹ ਗ਼ਜ਼ਲਾਂ ਆਪਣੇ ਰੂਪਾਕਾਰ ਪੱਖੋ ਹੀ ਨਹੀਂ ਸਗੋਂ ਸੁਭਆ ਪੱਖੋ ਵੀ ਗੀਤਾਤਮਕ ਹਨ। ਸਤੱਹੀ ਪੱਧਰ ਤਕ ਵਿਚਰਨਾ ਵੀ ਇਹਨਾਂ ਦੀ ਪ੍ਰਕਿਰਤੀ ਵਿੱਚ ਸ਼ਾਮਿਲ ਹੈ। ਏਥੇ ਇਸ ਨੁਕਤੇ ਦਾ ਜ਼ਿਕਰ ਕਰਨਾ ਵੀ ਲਾਜ਼ਮੀ ਹੈ ਕਿ ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿੱਚ ਜਗਤਾਰ ਅਤੇ ਸੁਰਜੀਤ ਪਾਤਰ ਦੇ ਸਮੇਂ ਨੂੰ ਅਹਿਮ ਦੌਰ ਮੰਨਿਆ ਜਾਂਦਾ ਹੈ। ਪਰ ਇਹ ਦੋਵੇਂ ਗ਼ਜ਼ਲਗੋ ਇਕ ਦੂਸਰੇ ਨੂੰ ਪ੍ਰਵਾਨ ਨਹੀਂ ਕਰਦੇ। ਜਗਤਾਰ ਨੂੰ ਤਾਂ ਆਪਣੇ ਆਪ ਤੋਂ ਬਿਨਾ ਕੋਈ ਗ਼ਜ਼ਲਗੋ ਦਿਖਾਈ ਹੀ ਨਹੀਂ ਦਿੰਦਾ ਸੀ। ਸੁਰਜੀਤ ਪਾਤਰ ਦੀ ਸਥਿਤੀ ਕੁਝ ਵੱਖਰੀ ਹੈ। ਏਥੇ ਡਾ. ਸ਼ਮਸ਼ੇਰ ਮੋਹੀ ਦੁਆਰਾ ਡਾ. ਜਗਤਾਰ ਅਤੇ ਸੁਰਜੀਤ ਪਾਤਰ ਹੁਰਾਂ ਨਾਲ ਕੀਤੀਆਂ ਮੁਲਾਕਾਤਾਂ ਵਿੱਚਲੀਆਂ ਟਿੱਪਣੀਆਂ ਉਪੱਰ ਝਾਤ ਮਾਰਨੀ ਸਾਡੇ ਕਾਰਜ ਲਈ ਸਹਾਈ ਹੋਵੇਗੀ :

ਜਗਤਾਰ : ਨਹੀਂ ਮੈਂ ਆਪਣੀ ਪੀੜ੍ਹੀ 'ਚੋਂ ਕਿਸੇ ਦੀ ਗੱਲ ਨਹੀਂ ਕਰਦਾ, ਇਹ ਦੀ ਵਜ੍ਹਾ ਇਹ ਹੈ ਕਿ ਮੇਰੀ ਪੀੜ੍ਹੀ 'ਚੋਂ ਕੋਈ ਨਈਂ ਐ, ਮੇਰੀ ਪੀੜ੍ਹੀ 'ਚ ਕੋਈ ਗ਼ਜ਼ਲਗੋ ਨਈਂ ਐਂ, ਜਿਹਦਾ ਮੈਂ ਨਾਂ ਲੈ ਸਕਾ।(1)

ਜਗਤਾਰ : ਪਾਤਰ ਬਾਰੇ ਮੈਂ ਕੁਝ ਨਈਂ ਕਹਿ ਸਕਦਾ, ਨਾ ਚੰਗਾ ਨਾ ਮੰਦਾ, ਉਹ ਲੋਕਾਂ ਦਾ ਸ਼ਾਇਰ ਐ, ਪਾਪੂਲਰ ਸ਼ਾਇਰ I cant say anything ਕਿ ਉਹਦਾ ਕੀ ਮੁਕਾਮ ਐ, ਕੀ ਨਈਂ ਹੈ, ਲੇਕਿਨ ਐਸ ਵੇਲੇ ਸਭ ਤੋਂ ਵੱਡਾ ਝੰਡਾ ਉਹਦਾ ਐ, ਲੇਕਿਨ ਉਹ ਗਾਉਂਦੇ, ਕੁਝ ਉਹਦੇ ਪਿੱਛੇ ਬਹੁਤ ਸਰਕਾਰੀ ਲੋਕ ਐ, ਤੁਹਾਨੂੰ ਇਹ ਤਾਂ ਪਤਾ ਹੀ ਹੋਣੈ ਇਸ ਵਾਰ ਭਾਸ਼ਾ ਵਿਭਾਗ ਦਾ ਇਨਾਮ ਕਿਸ ਤਰ੍ਹਾ...(2)

ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ, ਬੇਰਿੰਗ ਯੂਨੀਅਨ ਕ੍ਰਿਸ਼ਚੀਅਨ ਕਾਲਜ, ਬਟਾਲਾ, (ਮੋ) 9878889269

ਸੁਰਜੀਤ ਪਾਤਰ : ਗ਼ਜ਼ਲ ਆਲੋਚਨਾ ਤਾਂ ਪੰਜਾਬੀ ਵਿਚ ਨਾ ਹੋਣ ਦੇ ਬਰਾਬਰ ਹੈ। ਇਹ ਦੀ ਕੋਈ ਰੂਪ ਰੇਖਾ ਨਹੀਂ।[3]

ਇਹਨਾਂ ਟਿੱਪਣੀਆਂ ਤੋਂ ਪਤਾ ਲਗਦਾ ਹੈ ਕਿ ਜਗਤਾਰ ਕਿਸੇ ਹੋਰ ਗ਼ਜ਼ਲਗੋ ਦੀ ਹੋਂਦ ਤੋਂ ਹੀ ਇਨਕਾਰੀ ਹੈ। ਅਤੇ ਸੁਰਜੀਤ ਪਾਤਰ ਨੂੰ ਪੰਜਾਬੀ ਚਿੰਤਨ ਗ਼ਜ਼ਲ ਆਲੋਚਨਾ ਤੋਂ ਰਹਿਤ ਪ੍ਰਤੀਤ ਹੁੰਦਾ ਹੈ। ਡਾ.ਜਗਤਾਰ ਦੀਆਂ ਟਿੱਪਣੀਆਂ ਹਉਮੈ ਗਰਸੀਆਂ ਵੀ ਹਨ ਤੇ ਚਿੰਤਾਗ੍ਰਸਤ ਵੀ। ਪਾਤਰ ਹੁਰਾਂ ਨਾਲ 60 ਪ੍ਰਤੀਸ਼ਤ ਸਹਿਮਤ ਹੋਇਆ ਜਾ ਸਕਦਾ ਹੈ। ਪਾਤਰ ਅਤੇ ਜਗਤਾਰ ਤੋਂ ਅਗਾਂਹ ਏਸੇ ਕੜੀ ਵਿੱਚ ਗੁਰਭਜਨ ਗਿੱਲ ਨੂੰ ਵੀ ਰੱਖਿਆ ਜਾ ਸਕਦਾ ਹੈ। ਪਰ ਅਜੇ ਤੀਕਣ ਪੰਜਾਬੀ ਚਿੰਤਨ ਜਗਤ ਵਿੱਚ ਗੁਰਭਜਨ ਗਿੱਲ ਦੀ ਹੀ ਨਹੀਂ ਸਗੋਂ ਸਮੁੱਚੀ ਕਵਿਤਾ ਅਤੇ ਸ਼ਾਇਰੀ ਅਣਗੌਲੀ ਹੀ ਰਹੀ ਹੈ ਡਾ.ਸ਼ਮਸ਼ੇਰ ਮੋਹੀ ਵੀ ਗੁਰਭਜਨ ਗਿੱਲ ਦਾ ਜ਼ਿਕਰ ਗ਼ਜ਼ਲ ਦੇ ਇਤਿਹਾਸਕ ਪਰਿਪੇਖ ਵਿੱਚ ਨਹੀਂ ਕਰਦਾ । ਇਸ ਦੇ ਕਾਰਨ ਵੀ ਅਜੇ ਜ਼ਾਹਰ ਨਹੀਂ। ਇਨ੍ਹਾਂ ਸਾਰੇ ਨੁਕਤਿਆਂ ਨੂੰ ਨਿਹਾਰਦੇ ਹੋਏ ਅਗਾਂਹ ਗੁਰਭਜਨ ਗਿੱਲ ਦੀ ਸ਼ਾਇਰੀ ਸੰਬੰਧੀ ਡਾ.ਜਗਤਾਰ ਦੀ ਹੀ ਧਾਰਨਾ ਏਥੇ ਦੇਣੀ ਮੁਨਾਸਿਬ ਹੋਵੇਗੀ :

ਗੁਰਭਜਨ ਗਿੱਲ ਦੀ ਗ਼ਜ਼ਲ ਸਿਰਫ਼ ਹੋਠਾਂ ਦੀ ਮੁਸਕਣੀ ਤੇ ਅੱਖਾਂ ਦੇ ਤੀਰਾਂ ਤੱਕ ਮਹਿਦੂਦ ਨਹੀਂ ਹੈ। ਧਰਤੀ ਤੋਂ ਆਕਾਸ਼ ਤਕ ਬਿਖਰੇ ਹੋਏ ਜ਼ਿੰਦਗੀ ਦੇ ਹਜ਼ਾਰਾਂ ਮਸਲਿਆਂ ਨੂੰ, ਧਰਤੀ ਨਾਲ ਜੁੜੇ ਮਨੁੱਖੀ ਸਵਾਲਾਂ ਨੂੰ, ਮੁਲਕਾਂ ਦੀ ਗੈਰ ਕੁਦਰਤੀ ਵੰਡ ਨੂੰ, ਸਮਾਜ ਵਿੱਚ ਪਈ ਕਾਣੀ ਵੰਡ ਨੂੰ ਸ਼ੋਸ਼ਣ ਅਤੇ ਜ਼ੁਲਮ ਜ਼ਬਰ ਨੂੰ ਆਪਣੀਆਂ ਗ਼ਜ਼ਲਾਂ ਦਾ ਵਿਸ਼ਾ ਬਣਾਇਆ ਹੈ ਅਤੇ ਉਹ ਆਪਣੀ ਗੱਲ ਆਪਣੇ ਪਾਠਕਾਂ ਤੱਕ ਪਹੁੰਚਾਉਣ ਵਿਚ ਸਫ਼ਲ ਹੋਇਆ ਹੈ।[4]

ਉਸ ਦੀਆਂ ਰਚਨਾਵਾਂ ਵਿੱਚ ਰਵਾਨਗੀ ਹੈ ਰੂਪਕ ਪੱਖੋਂ ਵੀ ਅਤੇ ਵਿਸ਼ਿਆਂ ਦ ਪੱਖੋਂ ਵੀ। ਠੇਠ ਮਾਝੀ ਲੋਕ ਬੋਲੀ ਉਸ ਦੀਆਂ ਰਚਨਾਵਾਂ ਦੀ ਤਸੀਰ ਨੂੰ ਲੋਕ ਮਾਨਸਿਕਤਾ ਨੂੰ ਟੁੰਬਣ ਯੋਗ ਬਣਾਉਂਦੀ ਹੈ ਅਤੇ ਉਸ ਨੂੰ ਪਾਠਕਾਂ ਅਤੇ ਸਰੋਤਿਆਂ ਦਾ ਇਕ ਵਿਸ਼ਾਲ ਸੰਸਾਰ ਵੀ ਪ੍ਰਦਾਨ ਕਰਦੀ ਹੈ। ਆਪਣੀ ਭਾਸ਼ਾ, ਸ਼ਬਦ ਚੋਣ ਅਤੇ ਮੁਹਾਵਰੇ ਕਾਰਣ ਗੁਰਭਜਨ ਗਿੱਲ ਆਪਣੇ ਸਮਕਾਲੀ ਅਤੇ ਪੂਰਵਕਾਲੀ ਸ਼ਾਇਰਾਂ ਤੋਂ ਵੱਖਰਾ ਅਤੇ ਨਿਵੇਕਲਾ ਹੈ। ਇਨ੍ਹਾਂ ਨੁਕਤਿਆਂ ਕਰਕੇ ਉਸ ਦੀ ਗ਼ਜ਼ਲ ਰਵਾਇਤੀ ਗ਼ਜ਼ਲ ਤੋਂ ਵਿੱਥ ਸਥਾਪਿਤ ਕਰਦੀ ਨਜ਼ਰ ਆਉਂਦੀ ਹੈ।

ਗੁਲਨਾਰ ਗੁਰਭਜਨ ਗਿੱਲ ਦਾ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ ਹੈ। ਇਸ ਪੁਸਤਕ ਵਿੱਚ ਉਸ ਦੀਆਂ 138 ਗ਼ਜ਼ਲਾਂ ਦਰਜ਼ ਹਨ। ਗੁਲਨਾਰ ਵਿੱਲੀਆਂ ਗ਼ਜ਼ਲਾਂ ਮਨੁੱਖ ਦੇ ਨਿੱਜ ਦੀ ਪੀੜਾ ਤੋਂ ਸ਼ੁਰੂ ਹੋ ਵਿਭਿੰਨ ਸਮਾਜਿਕ ਮਸਲਿਆਂ ਤੀਕ ਪਹੁੰਚਦੀਆਂ ਹਨ। ਸਮਾਜਿਕ ਸਰੋਕਾਰਾਂ ਅਤੇ ਵੱਖ ਵੱਖ ਸਮਿਆਂ ਵਿੱਚ ਵਾਪਰੀਆਂ ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਘਟਨਾਵਾਂ ਉੱਪਰ ਉਸ ਦੀ ਤਿੱਖੀ ਨਜ਼ਰ ਟਿਕੀ ਰਹਿੰਦੀ ਹੈ। ਸਮਾਜ ਅਤੇ ਸਾਹਿਤ ਨਾਲ ਉਹ ਇਸ ਕਦਰ ਜੁੜਿਆ ਹੈ ਕਿ ਉਸ ਦੀ ਜ਼ਿੰਦਗੀ ਇਨ੍ਹਾਂ ਦੋਹਾਂ ਜੁਜ਼ਾਂ ਨਾਲ ਹੀ ਵਿਚਰਦੀ ਹੈ। ਸਮਾਜਕ ਤਲਖ਼ ਹਾਲਾਤ , ਮਨੁੱਖ ਦੀ ਲੁਟ ਅਤੇ ਬੇਕਦਰੀ ਉਸ ਨੂੰ ਤਕਲੀਫ ਦਿੰਦੀ ਹੈ। ਉਹ ਆਪਣੀ ਮਾਂ ਬੋਲੀ ਅਤੇ ਮਿੱਟੀ ਨਾਲ ਜੁੜਿਆ ਹੋਇਆ ਇਨਸਾਨ ਹੈ। ਉਸ ਦੀ ਮਿਲਾਪੜੀ ਫਿਤਰਤ ਉਸ ਦੀਆਂ ਰਚਨਾਵਾਂ ਵਿੱਚ ਸਹਿਜ ਸੁਬਾਅ ਬੋਲਦੀ ਨਜ਼ਰ ਆਉਂਦੀ ਹੈ। ਤਲਖ ਵਰਤਾਰਿਆਂ ਨੂੰ ਸਹਿਜਤਾ ਸਹਿਤ ਕਹਿਣ ਦਾ ਉਸ ਨੂੰ ਵਲ ਵੀ ਆਉਂਦਾ ਹੈ ਅਤੇ ਇਨ੍ਹਾਂ ਦੇ ਆਧਾਰਾਂ ਨੂੰ ਸਮਝਣ ਲਈ ਉਸ ਕੋਲ ਸਮਝ ਵੀ ਹੈ। ਇਨ੍ਹਾਂ ਨੁਕਤਿਆਂ ਨੂੰ ਸਪੱਸ਼ਟ ਕਰਨ ਲਈ ੁਉਸ ਦੀਆਂ ਗ਼ਜ਼ਲਾਂ ਦੇ ਕੁਝ ਸ਼ਿਅਰ ਵੇਖਦੇ ਹਾਂ :

ਅੱਖਾਂ ਉੱਤੇ ਕਾਲੀ ਐਨਕ, ਜੀਭ ਨੂੰ ਤੰਦੂਆ, ਕੰਨੀ ਬੁੱਜੇ,
ਜਬਰ ਵੇਖ ਕੇ ਕਦ ਬੋਲਣਗੇ, ਗਾਂਧੀ ਤੇਰੇ ਪਾਲੇ ਬਾਂਦਰ

--------0--------

ਸੀ ਰੱਬਾਬ ਕਿਤਾਬ ਦਾ ਮਾਲਕ ਉਹ ਪੰਜਾਬ ਹੈ ਕਿੱਥੇ,
ਸ਼ਬਦ ਗੁਰੂ ਨੂੰ ਭੁਲ ਗਏ ਸਾਧੋ, ਧਰਮ ਤਰਾਜ਼ੂ ਸਾਰੇ।

---------0---------

ਔਰੰਗਜ਼ੇਬ ਉਦਾਸ ਕਬਰ ਵਿੱਚ, ਅੱਜ ਕੱਲ੍ਹ ਏਦਾਂ ਸੋਚ ਰਿਹਾ ਹੈ,
ਅੱਜ ਦੇ ਹਾਕਮ ਵਰਗਾ ਬਣਦਾ, ਮੈਂ ਖ਼ਤ ਪੜ੍ਹ ਕੇ ਕਿਉਂ ਮਰਨਾ ਸੀ ?

---------0---------

ਸ਼ਾਡੇ ਘਰ ਤੋਂ ਅਮਰੀਕਾ ਤੱਕ, ਜਾਲ ਵਿਛਾਇਆ ਅਣਦਿਸਦਾ,
ਕਿਹੜਾ ਚਤੁਰ ਸ਼ਿਕਾਰੀ ਹੈ ਜੋ, ਉਡਣੇ ਪੰਛੀ ਫਾਹੁੰਦਾ ਹੈ।

---------0---------

ਅਣਖ਼ ਦੀ ਰੋਟੀ ਖਾਂਦੇ ਖਾਂਦੇ, ਆਹ ਦਸ ਤੈਨੂੰ ਕੀ ਹੋਇਆ,
ਇਹ ਅਨਮੋਲ ਜ਼ਮੀਰ ਭਲਾ ਕਿਉਂ, ਆਟੇ ਖ਼ਾਤਰ ਮਾਰ ਲਈ।

---------0---------

ਗੁਲਨਾਰ ਵਿੱਚਲੀਆਂ ਗ਼ਜ਼ਲਾਂ ਤਨਜ਼ ਦੇ ਮਾਧਿਅਮ ਰਾਹੀਂ ਪ੍ਰਸ਼ਨ ਖੜ੍ਹੇ ਕਰਦੀਆਂ ਹਨ। ਇਹ ਪ੍ਰਸ਼ਨ ਸਮਕਾਲੀ ਸਿਸਟਮ ਦੀ ਕਾਰਜ-ਸ਼ੈਲੀ ਦਾ ਭਾਜ ਉਧੇੜਦੇ ਹਨ। ਇਸ ਸਿਸਟਮ ਨੂੰ ਉਹ ਸਮੁੱਚਤਾ ਵਿੱਚ ਵੀ ਵੇਖਦਾ ਹੈ ਅਤੇ ਇਸ ਦਾ ਅੰਗ-ਨਿਖੇੜ ਵੀ ਕਰਦਾ ਹੈ। ਸਮਕਾਲੀ ਮਨੁੱਖ ਦੀ ਫ਼ਿਤਰਤ, ਧਾਰਮਿਕ ਲਿਡਰਾਂ ਦੇ ਕਾਰੇ, ਰਾਜਨੀਤਕ ਨੇਤਾਵਾਂ ਦੇ ਦੰਭ, ਸਰਕਾਰੀ ਨੌਕਰਸ਼ਾਹੀ ਦਾ ਕਿਰਦਾਰ ਵਿਹੁਣਾ ਹੋਣਾ ਅਤੇ ਹਰੇਕ ਆਹੁਦੇ ਅਤੇ ਰਿਸ਼ਤੇ ਦਾ ਮਨੋਰਥੀ ਅਤੇ ਵਿਕਾਊ ਹੋਣਾ ਆਦਿ ਅਜਿਹੇ ਮਸਲੇ ਹਨ ਜਿਹੜੇ ਸਮਕਾਲੀ ਸਿਸਟਮ ਦੀ ਉਪੱਜ ਹਨ। ਗੁਰਭਜਨ ਗਿੱਲ ਇਹਨਾਂ ਮਸਲਿਆਂ ਦੇ ਆਧਾਰਾਂ ਦੀ ਪਹਿਚਾਣ ਕਰ ਇਨ੍ਹਾਂ ਦੇ ਸੱਚ ਨੂੰ ਨਸ਼ਰ ਕਰਦਾ ਹੈ। ਇਹ ਮਸਲੇ ਹੈ ਤਾਂ ਸਾਧਾਰਨ ਪਰ ਹਨ ਗੁੰਜਲਦਾਰ। ਸਾਧਾਰਨ ਮਨੁੱਖ ਇਨ੍ਹਾਂ ਨੂੰ ਸਮਝਨ ਤੋਂ ਆਪਣੇ ਆਪ ਨੂੰ ਅਸਮੱਰਥ ਮਹਿਸੂਸ ਕਰਦਾ ਹੈ। ਇਸ ਸਾਰੇ ਵਰਤਾਰੇ ਨੂੰ ਸਾਧਾਰਨ ਮਨੁੱਖ ਦੀ ਸਮੱਝ ਤਕ ਪਹੁੰਚਾਉਣ ਦਾ ਯਤਨ ਗੁਰਭਜਨ ਗਿੱਲ ਆਪਣੀਆਂ ਰਚਨਾਵਾਂ ਦੇ ਜਰੀਏ ਕਰਦਾ ਹੈ। ਇਹ ਤਨਜ਼ ਅਤੇ ਪ੍ਰਸ਼ਨ ਕਦੇ ਵੀ ਉਸ ਦੀ ਰਚਨਾ ਉਪੱਰ ਭਾਰੂ ਹੁੰਦੇ ਦਿਖਾਈ ਨਹੀਂ ਦਿੰਦੇ ਸਗੋਂ ਇਹਨਾਂ ਦੋਵੇਂ ਜੁਗਤਾਂ ਸਦਕਾਂ ਉਸ ਦੀਆਂ ਗ਼ਜਲਾਂ ਦੀ ਸਾਹਿਤਕਤਾ ਪਰਿਪੱਕ ਹੁੰਦੀ ਹੈ :

ਏਸੇ ਘਰ ਦਾ ਅੱਜ ਵੀ ਜੀਅ ਹੈ, ਸੀਤਾ ਵੀ ਧਰਤੀ ਦੀ ਧੀ ਹੈ,
ਹਰ ਯੁਗ ਅੰਦਰ ਲਛਮਣ-ਰੇਖਾ, ਉਸਦੇ ਚਾਰ ਚੁਫ਼ੇਰੇ ਕਿਉਂ ਬਈ।

--------0--------

ਦਾਨਿਸ਼ਵਰ ਲਈ ਮੁਕਤੀਦਾਤਾ, ਮਿੱਟੀ ਦਾ ਭਗਵਾਨ ਨਹੀਂ ਹੈ।
ਏਨੀ ਗੱਲ ਸਮਝਾਉਣੀ ਦਿਲ ਨੂੰ, ਏਨੀ ਸਹਿਲ ਆਸਾਨ ਨਹੀਂ ਹੈ।

--------0--------

ਇੱਛੀਆਧਾਰੀ ਨਾਗ ਵਾਂਗਰਾ, ਰੋਜ਼ ਸਿਆਸਤ ਨੇ ਰੰਗ ਬਦਲੇ,
ਜੋ ਭਗਵਾਨ ਬਣਾਏ ਹੱਥੀਂ, ਓਹੀ ਕਹਿਰ ਗੁਜ਼ਾਰ ਗਏ ਨੇ।

---------0-------

ਵਤਨ ਮੇਰੇ ਵਿਚ ਧੀਆਂ ਪੁੱਤਰ, ਇਕ ਵੀ ਰਹਿਣਾ ਚਾਹੁੰਦਾ ਨਹੀਂ,
ਕਿਹੜਾ ਕਹਿੰਦਾ ਸੋਨ ਚਿੜੀ ਨੂੰ, ਹੋਈ ਇਹ ਬਰਬਾਦ ਨਹੀਂ।

--------0-------

ਤੁਸੀਂ ਜੰਮ ਜੰਮ ਲਾਲ ਕਿਲ੍ਹਾ ਭਗਵਾ ਰੰਗ ਲਉ,
ਸਭ ਵੇਖਦੀ ਤਾਰੀਖ਼ ਕਿਹੜੀ ਚਾਲ ਪਿੱਛੇ ਕੌਣ?

----------0--------

ਉਪਰੋਕਤ ਹਵਾਲਿਆਂ ਦੇ ਆਧਾਰ ਉਪਰ ਗੁਰਭਜਨ ਗਿੱਲ ਦੀ ਸਾਹਿਤਕ ਅਤੇ ਸਮਾਜਕ ਪਕੜ ਸਹਿਜੇ ਹੀ ਸਾਹਮਣੇ ਆ ਜਾਂਦੀ ਹੈ। ਉਸ ਦੀਆਂ ਗ਼ਜ਼ਲਾਂ ਵਿਭਿੰਨਤਾਮੁਖੀ ਹਨ ਦੁਹਰਾਉ ਬਹੁਤ ਘੱਟ ਨਜ਼ਰ ਆਉਂਦਾ ਹੈ। ਏਥੇ ਇਹ ਨੁਕਤਾ ਗੋਲਣਾ ਵੀ ਲਾਜ਼ਮੀ ਹੈ ਕਿ ਕੋਈ ਸਾਹਿਤਕਾਰ ਕਿਸੇ ਸਮਾਜਿਕ ਮਸਲੇ ਨੂੰ ਕਿਸ ਦ੍ਰਿਸ਼ਟੀਕੋਣ ਦੇਖਦਾ ਹੈ ਅਤੇ ਉਸ ਦੇ ਵਿਚਾਰਧਾਰਕ ਆਧਾਰ ਕੀ ਹਨ? ਇਸ ਤੋਂ ਅਗਾਂਹ ਉਸ ਦੀ ਰਚਨਾ ਨੂੰ ਵਸੀਲਾ ਬਣਾਉਂਦੇ ਹੋਏ ਉਸ ਦੇ ਮਾਨਸਿਕ ਅਵਚੇਤਨ ਤਕ ਵੀ ਪਹੁੰਚਿਆ ਜਾ ਸਕਦਾ ਹੈ। ਜਾਂ ਫਿਰ ਉਸ ਦੇ ਵਿਸ਼ਵ-ਦ੍ਰਿਸ਼ਟੀਕੋਣ ਦੀ ਵੀ ਪਹਿਚਾਣ ਕੀਤੀ ਜਾ ਸਕਦੀ ਹੈ। ਇਹ ਨੁਕਤਿਆਂ ਤੋਂ ਗੁਰਭਜਨ ਗਿੱਲ ਦੀਆਂ ਗੁਲਨਾਰ ਵਿਚਲੀਆਂ ਗ਼ਜ਼ਲਾਂ ਮਨੁੱਖਤਾ ਸਨੇਹੀ ਹਨ। ਉਹ ਮਨੁੱਖਤਾ ਨੂੰ ਮੁਹੱਬਤ ਕਰਨ ਵਾਲਾ ਸ਼ਾਇਰ ਹੈ। ਏਸੇ ਕਾਰਣ ਔਰਤ ਦੀ ਤ੍ਰਾਸਦ ਸਥਿਤੀ ਅਤੇ ਪੰਜਾਬ ਸੰਕਟ ਸੰਬੰਧੀ ਉਹ ਬਾਰ- ਬਾਰ ਮੁੜਦਾ ਹੈ। ਔਰਤ ਦਾ ਉਹ ਮਾਂ, ਭੈਣ ਅਤੇ ਪਤਨੀ ਦਾ ਆਦਰਸ਼ ਰੂਪ ਹੀ ਚਿਤਰਦਾ ਹੈ ਔਰਤ ਨੂੰ ਮੁਹੱਬਤ, ਮਮਤਾ ਅਤੇ ਅਬਲਾ ਜਿਹੇ ਲਕਬ ਪ੍ਰਚਲਿਤ ਹਨ ਪਰ ਹੁਣ ਦੇ ਸਮੇਂ ਵਿਚ ਔਰਤ ਦੇ ਪ੍ਰਤੀ ਰੂਪਾਂ ਦੀ ਗੱਲ ਕਰਨੀ ਵੀ ਜਰੂਰੀ ਹੈ ਜੋ ਕਿ ਗੁਰਭਜਨ ਗਿੱਲ ਨਹੀਂ ਕਰਦਾ। ਹਾਂ ਮਰਦ ਪ੍ਰਧਾਨ ਸਮਾਜ ਵਿਚ ਔਰਤ ਦੀ ਹੋਈ ਅਤੇ ਹੁੰਦੀ ਖੁਆਰੀ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ। ਗੁਰਭਜਨ ਗਿੱਲ ਔਰਤ ਦੀ ਤ੍ਰਾਸਦ ਸਥਿਤੀ ਨੂੰ ਬਿਆਨ ਕਰਨ ਵਿਚ ਵਧੇਰੇ ਰੁਜਿਆ ਨਜ਼ਰ ਆਉਂਦਾ ਹੈ :

ਜਨਕ-ਦੁਲਾਰੀ ਲਈ ਕੁੱਜੀ, ਮਹਾਰਾਜੇ ਦੀ ਮਾਂ ਲਈ ਮਹੁਰਾ,
ਹਰ ਯੁਗ ਅੰਦਰ, ਹਰ ਧੀ ਖਾਤਰ, ਸੱਸੀ ਵਾਂਗ ਸੰਦੂਕ ਕਿਉਂ ਹੈ?

--------0-------

ਹਰ ਮਾਂ ਹੁੰਦੀ ਵੱਡੀ ਬੁੱਕਲ, ਪੁੱਤਰ, ਧੀਆਂ, ਟੱਬਰ ਸਾਂਭੇ,
ਇਸ ਧਰਤੀ ਦੇ ਉੱਤੇ ਫਿਰ ਕਿਉਂ, ਮਮਤਾ ਦਾ ਸਤਿਕਾਰ ਨਹੀਂ ਹੈ।

--------0--------

ਅੱਜ ਵੀ ਮੇਰਾ ਧਰਮੀ ਬਾਬਲ ਸੋਚਾਂ ਵਿਚ ਗਲਤਾਨ ਕਿਉਂ ਹੈ?
ਅਣਜੰਮੀ ਨੂੰ ਮਾਰਨ ਖ਼ਾਤਰ, ਸਮਝੇ ਅਪਣੀ ਸ਼ਾਨ ਕਿਉਂ ਹੈ?

---------0-------

ਗੁਰਭਜਨ ਗਿੱਲ ਪੰਜਾਬ ਨਾਲ ਸੰਬੰਧਿਤ ਤਲਖ ਵਰਤਾਰਿਆਂ ਦਾ ਬਾਰ ਬਾਰ ਜ਼ਿਕਰ ਕਰਦਾ ਹੈ। ਉਹ ਸਮਕਾਲੀ ਨਸ਼ਿਆਂ ਦੀ ਗ੍ਰਿਫਤ ਵਿਚ ਆਈ ਨੌਜਵਾਨ ਪੀੜ੍ਹੀ ਦੀ ਦੁਰਦਸ਼ਾ ਲਈ ਰਾਜਨੀਤਕ ਲੋਕਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਉਹ ਸਮਕਾਲੀ ਪੰਜਾਬ ਦੇ ਨਸ਼ਿਆਂ ਵਿਚ ਗਲਤਾਨ ਹੋਣ ਨੂੰ ਅਤਿਵਾਦ ਦੇ ਦਹਿਸ਼ਤਗਰਦੀ ਦੇ ਸਮੇਂ ਨਾਲ ਰੱਖ ਕੇ ਵੇਖਦਾ ਹੈ। ਪੰਜਾਬ ਸੰਕਟ ਦੇ ਸਮੇਂ ਵੀ ਨਿਕੰਮੀ ਸਿਆਸਤ ਕਾਰਣ ਕਈ ਘਰਾਂ ਦੇ ਚਿਰਾਗ ਬੁਝ ਗਏ ਸਨ ਅਤੇ ਹੁਣ ਨਸ਼ਿਆਂ

ਕਾਰਣ ਉਸੇ ਤਰਾਂ ਦਾ ਖੌਫ ਅਤੇ ਸੰਤਾਪ ਲੋਕ ਹੰਡਾ ਰਹੇ ਹਨ। ਪੁਸਤਕ ਸਭਿਆਚਾਰ ਤੋਂ ਪੰਜਾਬ ਟੁੱਟਾ ਨਹੀਂ ਤੋੜਿਆ ਗਿਆ ਹੈ ਤੇ ਹਥਿਆਰਾਂ ਅਤੇ ਨਸ਼ਿਆਂ ਦੇ ਵਸ ਪਾਇਆ ਗਿਆ ਹੈ। ਇਹ ਸਮੇਂ ਦੇ ਸਿਆਸਤਦਾਨਾਂ ਲਈ ਮੁਆਫਿਕ ਹੈ। ਗੁਲਨਾਰ ਵਿਚਲੀਆਂ ਗ਼ਜ਼ਲਾਂ ਦੇ ਕਈ ਸ਼ਿਅਰ ਇਸ ਸਭ ਕਾਸੇ ਨੂੰ ਚਿੰਤਨੀ ਸੁਰ ਵਿਚ ਪੇਸ਼ ਕਰਦੇ ਹਨ :

ਕਦੇ ਨਸ਼ਿਆਂ ਦੀ ਮਾਰ, ਕਦੇ ਹੱਥ ਹਥਿਆਰ,
ਓਥੇ ਏਹੀ ਕੁਝ ਹੋਊ, ਜਿੱਥੋਂ ਖੁੱਸ ਗਈ ਕਿਤਾਬ।

--------0--------

ਪਹਿਲਾਂ ਗੋਲੀਆਂ ਦਾ ਕਹਿਰ, ਹੁਣ ਪੁੜੀਆਂ 'ਚ ਜ਼ਹਿਰ,
ਕਿੱਦਾਂ ਮਰ ਮੁੱਕ ਚੱਲੇ, ਸਾਡੇ ਘਰੀਂ ਜਾਏ ਛਿੰਦੇ।

--------0--------

ਗੁਰਭਜਨ ਗਿੱਲ ਦੀਆਂ ਗ਼ਜ਼ਲਾਂ ਵਿਚ ਬੀਤ ਗਏ ਲਈ ਹੇਰਵਾ ਵੀ ਹੈ। ਏਥੇ ਸੋਚਨ ਵਾਲੀ ਇਹ ਗੱਲ ਹੈ ਕਿ ਬੀਤ ਗਏ ਸਮੇਂ ਨਾਲ ਬਹੁਤ ਕੁਝ ਹੋਰ ਵੀ ਚਲਾ ਜਾਂਦਾ ਹੈ। ਅਤੇ ਨਵੇਂ ਦੌਰ ਵਿਚ ਬਹੁਤ ਕੁਝ ਨਵਾਂ ਜੁੜ ਜਾਂਦਾ ਹੈ। ਵਿਰਸੇ ਪ੍ਰਤੀ ਭਾਵੁਕ ਤਾਂ ਹਰ ਕੋਈ ਮਨੁੱਖ ਹੁੰਦਾ ਹੈ ਪਰ ਵਿਰਸੇ ਪ੍ਰਤੀ ਉਪਭਾਵੁਕ ਬਿਰਤੀ ਨਹੀਂ ਹੋਣੀ ਚਾਹਿਦੀ। ਗੁਰਭਜਨ ਗਿੱਲ ਵਿਰਸੇ ਪ੍ਰਤੀ ਉਪਭਾਵੁਕ ਹੁੰਦਾ ਵੀ ਦਿਖਾਈ ਦਿੰਦਾ ਹੈ। ਗੁਲਨਾਰ ਵਿਚਲੀਆਂ ਗ਼ਜ਼ਲਾਂ ਸੱਭਿਅਤਾ ਅਤੇ ਪ੍ਰਕਿਰਤੀ ਵਿਚਲੇ ਤਨਾਉ ਨੂੰ ਵੀ ਉਘਾੜਦੀਆਂ ਹਨ। ਇਹ ਤਨਾਉ ਬਦਲੀ ਹੋਈ ਜੀਵਨ ਜਾਚ ਅਤੇ ਕਾਰ ਵਿਹਾਰ ਕਾਰਨ ਵੀ ਪੈਦਾ ਹੁੰਦਾ ਹੈ ਅਤੇ ਉਮਰਾਂ ਦੇ ਨਾਲ ਵੀ। ਪਿੰਡਾਂ ਦੇ ਕੱਚੇ ਘਰ ਚੰਗੇ ਲਗਨਾ ਉਪਭਾਵੁਕ ਬਿਰਤੀ ਹੀ ਹੈ। ਪਰ ਇਸ ਦੇ ਨਾਲ ਹੀ ਸਭਿਅਤਾ ਦੇ ਵਿਕਾਸ ਦੇ ਨਾਂ ਤੇ ਜੋ ਮਨੁੱਖ ਦੀਆਂ ਚੰਗੀਆਂ ਕਦਰਾਂ/ਕੀਮਤਾਂ ਉਸ ਤੋਂ ਖੋਹ ਲਈਆਂ ਜਾਂਦੀਆਂ ਹਨ ਉਹ ਚਿੰਤਾ ਦਾ ਮਸਲਾ ਹੈ। ਸਮਕਾਲੀ ਪੂੰਜੀਵਾਦੀ ਮੰਡੀ ਦੇ ਯੁਗ ਵਿਚ ਹਰ ਵਸਤ, ਵਰਤਾਰੇ, ਸ਼ੈਅ, ਰਿਸ਼ਤਿਆਂ ਅਤੇ ਮਨੁੱਖ ਤਕ ਨੂੰ ਵਪਾਰ ਅਤੇ ਮੁਨਾਫੇ ਦੀ ਦ੍ਰਿਸ਼ਟੀ ਤੋਂ ਵੇਖਿਆਂ ਜਾਂਦਾ ਹੈ, ਖਰੀਦਿਆ ਅਤੇ ਵੇਚਿਆ ਜਾਂਦਾ ਹੈ। ਅਜਿਹੇ ਹਲਾਤਾਂ ਵਿਚ ਰਿਸ਼ਤੇ ਨਾਤੇ ਨਾਮ ਦੇ ਰਹਿ ਜਾਂਦੇ ਹਨ। ਭਾਵਨਾਵਾਂ ਦੀ ਥਾਂ ਮਾਇਆ ਲੈ ਲੈਂਦੀ ਹੈ। ਮਨੁੱਖ ਤੋਂ ਟੁਟਦਾ ਜਾਂਦਾ ਹੈ। ਮਨੁੱਖ ਦੇ ਹਿੱਸੇ ਸਰੀਰਕ ਤੇ ਮਾਨਸਿਕ ਸੰਤਾਪ ਹੀ ਬਚਦਾ ਹੈ :

ਘਰ ਰਹੇ ਨਾ ਘਰ, ਇਹ ਬਣ ਗਏ ਕੈਦਖ਼ਾਨੇ ਵੇਖ ਲੈ,
ਸ਼ਹਿਰ ਵਾਂਗੂ ਪਿੰਡ ਅੰਦਰ ਸਹਿਕਦੇ ਹੁਣ ਚੌਂਤਰੇ।

--------0--------

ਕੱਚੇ ਘਰ ਤੇ ਕੋਠਿਆਂ ਵਿਚ ਤਾਣ ਨਾਲੇ ਮਾਣ ਸੀ,
ਇੱਟ ਪੱਥਰ ਦੇ ਮਕਾਨੀਂ, ਕਿਉਂ ਨੇ ਰਿਸ਼ਤੇ ਜਰਜਰੇ।

--------0--------

ਮੈਂ ਮਿਸੀ ਖਾਣ ਵਾਲਾ ਆਦਮੀ ਸਾਂ,
ਮੇਰੀ ਥਾਲੀ 'ਚ ਬਰਗਰ ਆ ਗਿਆ ਹੈ।

--------0--------

ਪਿੰਡਾਂ ਪੱਲੇ ਕੁਝ ਨਹੀਂ ਬਚਿਆ, ਫਿਰ ਵੀ ਜੱਲੀਆਂ ਪਾਉਂਦੇ ਗਾਉਂਦੇ,
ਖਾਂਦਾ ਪੀਂਦਾ ਨਿੱਘਰ ਚੱਲਿਆ, ਤੇਰਾ ਸ਼ਹਿਰ ਉਦਾਸ ਕਿਉਂ ਹੈ।

--------0---------

ਸਾਡੇ ਪੁੱਤਰ ਕਿੱਥੇ ਤੁਰ ਗਏ, ਸੁਣਿਐਂ ਸ਼ਹਿਰੀ ਰਹਿੰਦੇ ਨੇ,
ਸਾਡੇ ਪਿੰਡ ਦੇ ਕੱਚੇ ਕੋਠੇ, ਢਾਰੇ ਗੱਲਾਂ ਕਰਦੇ ਨੇ।

--------0--------

ਗੁਰਭਜਨ ਗਿੱਲ ਸਮਕਾਲੀ ਤ੍ਰਾਸਦ ਹਲਾਤਾਂ ਤੋਂ ਨਿਰਾਸ਼ ਨਹੀਂ ਹੁੰਦਾ ਸਗੋਂ ਉਹ ਆਪਣੇ ਪਾਠਕ ਤੋਂ ਵਿਰੋਧ ਦੀ ਹੀ ਨਹੀਂ ਵਿਦਰੋਹ ਤਕ ਦੀ ਆਸ ਕਰਦਾ ਹੈ। ਉਸ ਨੂੰ ਇਸ ਗੱਲ ਦੀ ਸਮਝ ਹੈ ਭਾਰਤੀ ਇਤਿਹਾਸ ਵਿਚ ਕੀ ਕੁਝ ਅਸਲ ਵਿਚ ਵਾਪਰਿਆ ਹੈ। ਬਿਨਾ ਸ਼ੰਘਰਸ਼ ਤੋਂ ਇਤਿਹਾਸ ਗਵਾਹ ਹੈ ਕਿ ਕਦੇ ਵੀ ਮਨੁੱਖ ਨੂੰ ਨਿਜਾਤ/ ਆਜਾਦੀ ਨਹੀਂ ਮਿਲੀ। ਉਹ ਮਨੁੱਖੀ ਸੰਘਰਸ਼ ਵਿਚ ਵਿਸ਼ਵਾਸ ਰੱਖਦਾ ਹੈ :

ਖੜਗ ਢਾਲ ਤੋਂ ਬਿਨਾ ਆਜ਼ਾਦੀ, ਆਈ ਜੋ ਤੂੰ ਕੂਕ ਰਿਹਾ ਏ,
ਚਰਖ਼ੇ ਨਾਲ ਲਿਆਇਆ, ਜਿਹੜੀ, ਬਾਪੂ ਵਾਲਾ ਦਾਜ ਨਹੀਂ ਸੀ।

--------0--------

ਜਿਥੋਂ ਤੀਕ ਗੁਲਨਾਰ ਪੁਸਤਕ ਵਿਚਲੀਆਂ ਗ਼ਜ਼ਲਾਂ ਦੀਆਂ ਸੀਮਾਵਾਂ ਦੀ ਗੱਲ ਹੈ ਤਾਂ ਕਈ ਗ਼ਜ਼ਲਾਂ ਇਕ ਹੀ ਪੈਟਰਨ ਅਤੇ ਕਾਫੀਏ ਰਦੀਫ ਵਿਚ ਹੋਣ ਦੇ ਨਾਲ ਵਿਚਾਰਾ ਦਾ ਵੀ ਦੁਹਰਾਉ ਹਨ। ਜਿਵੇਂ ਪੰਨੇ-78, 101 ਅਤੇ 109 ਦੀਆਂ ਗ਼ਜਲਾਂ । ਇਸ ਤਰਾਂ ਹੀ ਕਿਧਰੇ ਕਿਧਰੇ ਵਜਨ ਕਾਰਣ ਗ਼ਜ਼ਲਗੋ ਸ਼ਬਦਾਂ ਨੂੰ ਤੋੜਦਾ ਵੀ ਨਜ਼ਰ ਆਉਂਦਾ ਹੈ ਜਿਸ ਕਾਰਣ ਅਰਥ ਸੰਚਾਰ ਵਿਚ ਰੁਕਾਵਟ ਆਉਂਦੀ ਹੈ। ਗੁਰਭਜਨ ਗਿੱਲ ਧਰਮ, ਵਿਗਿਆਨ ਅਤੇ ਇਤਿਹਾਸ ਪ੍ਰਤੀ ਦਵੰਦਮਈ ਮਾਨਸਿਕਤਾ ਦਾ ਸ਼ਿਕਾਰ ਹੋਇਆ ਵੀ ਨਜ਼ਰ ਆਉਂਦਾ ਹੈ। ਕਈ ਥਾਂਈ ਮੁਕੰਮਲ ਵਿਚਾਰ ਵੀ ਪੇਸ਼ ਨਹੀਂ ਹੁੰਦਾ। ਪਹਿਲੀ ਸੱਤਰ ਨੂੰ ਦੂਸਰੀ ਸੱਤਰ ਤਰਦੀਹ ਨਹੀਂ ਕਰਦੀ। ਇਨ੍ਹਾਂ ਸੀਮਾਵਾਂ ਤੋਂ ਜਿਆਦਾ ਉਸ ਦੀ ਗ਼ਜ਼ਲ ਦੀਆਂ ਸੰਭਾਵਨਾਵਾਂ ਹਨ। ਉਹ ਪੰਜਾਬੀ ਗ਼ਜ਼ਲ ਦੇ ਇਤਿਹਾਸ ਵਿਚ ਇਕ ਸਥਾਪਿਤ ਹਸਤਾਖ਼ਰ ਹੈ। ਉਸ ਦੀ ਗ਼ਜ਼ਲ ਦਾ ਅਜੇ ਨਿੱਠ ਕੇ ਅਧਿਐਨ ਨਹੀਂ ਹੋਇਆ ਜਦ ਕਦੇ ਪੰਜਾਬੀ ਵਿਦਵਾਨਾਂ ਜਾਂ ਖੋਜਾਰਥੀਆਂ ਦਾ ਧਿਆਨ ਉਸ ਦੀ ਰਚਨਾ ਵੱਲ ਜਾਏਗਾ ਫਿਰ ਇਸ ਵਿਚਲੀਆਂ ਕਈ ਜੁਗਤਾਂ ਅਤੇ ਪਰਤਾਂ ਖੁਲ੍ਹ ਕੇ ਸਾਹਮਣੇ ਆ ਸਕਣਗੀਆਂ। ਗੁਲਨਾਰ ਪੰਜਾਬੀ ਗ਼ਜ਼ਲ ਦੀਆਂ ਹੁਣ ਤਕ ਦੀਆਂ ਕੁਝ ਕੁ ਪੁਸਤਕਾਂ ਵਿਚੋਂ ਇਕ ਅਹਿਮ ਦਸਤਾਵੇਜ਼ ਹੈ। ਅਜਿਹੀ ਇਸ ਗ਼ਜ਼ਲ ਸੰਗ੍ਰਹਿ ਪ੍ਰਤੀ ਮੇਰੀ ਧਾਰਨਾ ਬਣੀ ਹੈ।

## ਹਵਾਲੇ 'ਤੇ ਟਿੱਪਣੀਆਂ


1. ਡਾ. ਸ਼ਮਸ਼ੇਰ ਮੋਹੀ, ਗ਼ਜ਼ਲ ਸੰਵਾਦ, ਪੰਨਾ 17.
2. ---ਉਹੀ---ਪੰਨੇ 24-25.
3. ---ਉਹੀ---ਪੰਨਾ 42.
4. ਗੁਰਭਜਨ ਗਿੱਲ, ਮਨ ਦੇ ਬੂਹੇ ਬਾਰੀਆਂ, ਪੰਨਾ 13.


❖